Régie de
l'assurance maladie
Québec

**Dépliant – L'assurance médicaments, c'est obligatoire !**

**Version en punjabi**

**ਪ੍ਰਿਸਕ੍ਰੀਪਸ਼ਨ ਡਰੱਗ ਇੰਸ਼ੋਰੇਂਸ** (ਡਾਕਟਰ ਦੁਆਰਾ ਲਿੱਖੀ ਹੋਈ ਦਵਾਈ ਦਾ ਬੀਮਾ)
**ਇਹ ਜਰੂਰੀ ਹੈ!**

ਹਰ ਕੋਈ (ਬਾਲਗ਼ ਜਾਂ ਬੱਚਾ) ਜਿਹੜਾ ਕਿਉਬਿੱਕ ਦਾ ਵਾਸੀ (settled) ਹੈ, ਤੇ ਹੈਲਥ ਇੰਸ਼ੋਰੇਂਸ ਦਾ ਹਕਦਾਰ ਹੈ, ਉਸ ਕੋਲ ਹਰ ਵੇਲੇ ਪ੍ਰਿਸਕ੍ਰੀਪਸ਼ਨ ਡਰੱਗ ਇੰਸ਼ੋਰੇਂਸ ਕਵਰੇਜ਼ ਹੋਣੀ ਚਾਹੀਦੀ ਹੈ, ਚਾਹੇ ਉਹ ਪ੍ਰਿਸਕ੍ਰੀਪਸ਼ਨ ਡਰੱਗਸ (ਡਾਕਟਰ ਦੁਆਰਾ ਲਿੱਖੀ ਹੋਈ ਦਵਾਈ) ਇਸਤੇਮਾਲ ਨਾਂ ਕਰਦਾ ਹੋਵੇ।

ਜੋ ਵਿਅਕਤੀ ਕਿਉਬਿੱਕ ਹੈਲਥ ਇੰਸ਼ੋਰੇਂਸ ਪਲਾਨ ਦੇ ਹੱਕਦਾਰ ਹਨ ਤੇ ਵੇਟਿੰਗ ਵਿਚ ਹਨ ਉਸ ਦੋਰਾਨ ਉੱਹਨਾ ਨੂੰ ਪ੍ਰਿਸਕ੍ਰੀਪਸ਼ਨ ਡਰੱਗ ਇੰਸ਼ੋਰੇਂਸ ਲੈਣ ਦੀ ਲੋੜ ਨਹੀਂ।

---

ਕਿਉਬਿੱਕ ਵਿਚ, ਦੋ ਤਰਾ੍ ਦੇ ਪਲਾਨ ਪ੍ਰਿਸਕ੍ਰੀਪਸ਼ਨ ਡਰੱਗ ਇੰਸ਼ੋਰੇਂਸ ਕਵਰੇਜ਼ ਦੇਂਦੇ ਹਨ:

- ਪਰਾਈਵੇਟ ਪਲਾਨਜ਼ (ਗਰੁੱਪ ਇੰਸ਼ੋਰੇਂਸ ਜਾਂ ਇੰਮਪਲੋਈ ਬੈਨੀਫਿੱਟ ਪਲਾਨਜ਼);
- ਪਬਲਿੱਕ ਪਲਾਨ, ਜੋ ਕਿ Régie de l'assurance maladie du Québec ਦੁਆਰਾ ਚਲਾਇਆ ਜਾਂਦਾ ਹੈ।

ਜੇ ਤੁਸੀਂ ਪਰਾਈਵੇਟ(ਨਿਜੀ)ਪਲਾਨ ਦੇ ਹਕਦਾਰ ਹੋ, ਤਾਂ ਤੁਹਾਨੂੰ ਇਹ ਪਲਾਨ ਲੈਣਾ ਜਰੂਰੀ ਹੈ। ਨਹੀਂ ਤਾਂ, ਤੁਸੀਂ Régie ਤੇ ਕਾਲ ਕਰਕੇ ਪਬਲਿੱਕ ਪਲਾਨ ਵਾਸਤੇ ਰਜਿਸਟਰ ਕਰਾਓ।

**ਅਚਾਨਕ ਹੋਣ ਵਾਲੇ ਨਾਂਖੁਸ਼ਗਵਾਰ ਹਾਲਾਤ ਤੋ ਬਚਣ ਵਾਸਤੇ**

**www.ramq.gouv.qc.ca ਤੇ ਆਪਣੀ ਸਥਿਤੀ ਦੀ ਜਾਂਚ ਕਰੋ**

ਜੇ ਤੁਹਾਡੇ ਕੋਲ ਪ੍ਰਿਸਕ੍ਰਿਪਸ਼ਨ ਡਰੱਗ ਇੰਸ਼ੋਰੇਂਸ ਨਹੀ ਹੈ, ਜੋ ਕਿ ਜਰੂਰੀ ਹੈ, ਉਸ ਦੌਰਾਨ ਜਿਸ ਵਿਚ ਤੁਹਾਡੇ ਕੋਲ ਕੋਈ ਕਵਰੇਜ਼ ਨਹੀ ਹੈ ਉਸ ਹਰੇਕ ਪੂਰੇ ਮਹੀਨੇ ਦੇ ਪਬਲਿੱਕ ਪਲਾਨ ਪਰੀਮਿਅਮ(ਬੀਮੇ ਦੀ ਕਿਸਤ) ਦੇ ਬਰਾਬਰ ਤੁਹਾਨੂੰ Revenu Québec (ਰੇਵਨਿਊ ਕਿਉਬਿੱਕ) ਨੂੰ ਪੈਸੇ ਦੇਣੇ ਪੈਣਗੇ।

ਫਿਰ ਵੀ, ਜੇ ਤੁਸੀ ਪਰਾਈਵੇਟ(ਨਿਜੀ)ਪਲਾਨ ਦੇ ਹੱਕਦਾਰ ਹੁੰਦੇ ਹੋਏ ਪਬਲਿੱਕ ਪਲਾਨ ਵਾਸਤੇ ਰਜੀਸਟਰ ਕਰਾਇਆ ਹੈ, ਤਾਂ ਪਬਲਿੱਕ ਪਲਾਨ ਦੇ ਨਾਂ ਹੱਕਦਾਰ ਹੋਣ ਦੇ ਦੌਰਾਨ ਜੋ ਤੁਸੀ ਪ੍ਰਿਸਕ੍ਰਿਪਸ਼ਨ ਡਰੱਗਸ ਲਈਆਂ ਹਨ ਉਹ ਸਾਰੇ ਪੈਸੇ ਤੁਹਾਨੂੰ Régie (ਰੇਜ਼ੀ) ਨੂੰ ਦੁਬਾਰਾ ਦੇਣੇ ਪੈਣਗੇ। Régie (ਰੇਜ਼ੀ) ਤੇ Revenu Québec (ਰੇਵਨਿਊ ਕਿਉਬਿੱਕ) ਮਿਲਕੇ ਬਾਕਾਇਦਾ ਜਾਂਚ ਕਰਦੇ ਹਨ।

**ਪਰਾਈਵੇਟ ਪਲਾਨਜ਼**

ਦੋ ਤਰੀਕੇ ਨਾਲ ਤੁਸੀ ਪਰਾਈਵੇਟ ਪਲਾਨ ਹਾਸਿਲ ਕਰ ਸਕਦੇ ਹੋ:

- ਆਪਣੀ ਨੌਕਰੀ ਜਾਂ ਵਆਪਾਰ ਦੁਆਰਾ(ਆਪਣੇ ਮਾਲਿਕ, ਯੁਨਿਅਨ, ਜਾਂ ਵਆਪਾਰਕ ਸੰਗਠਨ ਜਾਂ ਸੰਘ ਦੁਆਰਾ);
- ਆਪਣੇ ਸਪਾਉਸ ਜਾਂ ਮਾਂ-ਪਿਓ ਦੁਆਰਾ

ਜੇ ਤੁਸੀਂ ਪਰਾਈਵੇਟ(ਨਿਜੀ)ਪਲਾਨ ਦੇ ਹਕਦਾਰ ਹੋ, ਤਾਂ ਤੁਸੀਂ ਇਹ ਪਲਾਨ ਜਰੂਰ ਲਵੋ ਤੇ ਆਪਣੇ ਸਪਾਉਸ ਤੇ ਬਚਿੱਆਂ ਦੀ ਵੀ ਕਵਰੇਜ਼ ਪਾਓ ਅਗਰ ਤੁਹਡੇ ਸਪਾਉਸ ਅਤੇ ਬੱਚੇ ਪਹਲੇ ਤੋ ਹੀ ਕਿਸੀ ਹੋਰ ਪਰਾਈਵੇਟ ਪਲਾਨ ਦੁਆਰਾ ਕਵਰਡ ਨਹੀ ਹਨ। ਜਦੋ ਤੁਸੀ ਪਰਾਈਵੇਟ ਪਲਾਨ ਲੈਂਦੇ ਹੋ ਤਾਂ ਤੁਹਾਨੂੰ Régie (ਰੇਜ਼ੀ) ਤੇ ਕਾਲ ਕਰਕੇ ਪਬਲਿੱਕ ਪਲਾਨ ਦੀ ਰਜੀਸਟ੍ਰੇਸ਼ਨ ਖਤਮ ਕਰਾਣੀ ਪਵੇਗੀ।

**ਸਪਾਉਸਿਸ਼ ਤੇ ਬਚਿਆਂ ਬਾਰੇ**

ਦੋ ਵਿਅਕਤੀਆ (ਅਲੱਗ ਲਿੰਗ ਜਾਂ ਇਕੋ ਜਿਹੇ ਲਿੰਗ ਵਾਲੇ) ਨੂੰ ਸਪਾਉਸਿਸ਼ ਕਿਹਾ ਜਾਂਦਾ ਹੈ ਜੇ ਉਹ:

- ਸ਼ਾਦੀ-ਸ਼ੁਦਾ ਜਾਂ civil union (ਸੀਵਲ ਯੁਨਿਅਨ) ਵਿਚ ਸ਼ਾਮਿਲ ਹੋਣ;
- 12 ਮਹੀਨੇ ਤੋ ਨਾਲ ਰਹ ਰਹੇ ਹੋਣ (90 ਤੋ ਘੱਟ ਦਿੱਨ ਦੀ ਜੁਦਾਈ 12 ਮਹੀਨੇ ਦੀ ਮੁੱਦਤ ਵਿਚ ਰੁਕਾਵਟ ਨਹੀ ਬਣੇਗੀ);
- ਨਾਲ ਰਹ ਰਹੇ ਹਨ (ਮੁੱਦਤ ਦੀ ਪਰਵਾਹ ਕੀਤੇ ਬਿਨਾਂ) ਤੇ ਉਹਨਾਂ ਦਾ ਆਪਣਾ ਕੋਈ ਬੱਚਾ ਹੈ ਜਾਂ ਉਹਨਾਂ ਨੇ ਮਿਲਕੇ ਕੋਈ ਬੱਚਾ ਗੋਦ ਲਿਆ ਹੈ।

ਉਸ ਵਿਅਕਤੀ ਨੂੰ **ਬੱਚਾ** ਸਮਝਿਆ ਜਾਂਦਾ ਹੈ ਜੇ:

- ਉਸ ਦੀ ਉੱਮਰ 18 ਸਾਲ ਤੋ ਘੱਟ ਹੈ;
- ਉਸ ਦੀ ਉੱਮਰ 18 ਤੋ 25 ਸਾਲ ਵਿੱਚ ਹੈ, ਪੁਰਾ ਸਮੇਂ ਪੜਾੱਈ ਕਰ ਰਿਹਾ ਹੈ, ਉਸ ਦਾ ਕੋਈ ਸਪਾਉਸ ਨਹੀਂ ਹੈ, ਤੇ ਆਪਣੇ ਮਾਂਪਿਆਂ ਨਾਲ ਰਹ ਰਿਹਾ ਹੈ।

ਜਦੋਂ ਬੱਚਾ 18 ਸਾਲ ਦਾ ਹੋ ਜਾਂਦਾ ਹੈ ਤੇ ਉੱਪਰ ਲਿੱਖੀਆ ਪ੍ਰਿਸਥਿੱਤੀਆ ਦੇ ਯੋਗ ਹੈ ਤਾਂ ਉਸ ਦੇ ਮਾਪਿਆਂ ਨੂੰ ਆਪਣੇ ਪਰਾਈਵੇਟ ਇੰਸ਼ੋਰੇਰ(ਨਿਜੀ ਬੀਮਾ ਕਰਨ ਵਾਲੇ) ਜਾਂ Régie (ਰੇਜ਼ੀ) ਤੋਂ ਬੱਚੇ ਦੀ ਕਵਰੇਜ਼ ਵੱਧਾਣ ਵਾਸਤੇ ਪੁਛਣਾ ਪਵੇਗਾ।

**ਪਬਲਿਕ ਪਲਾਨ**

ਉਹ ਵਿਅਕਤੀ ਪਬਲਿਕ ਪਲਾਨ ਦੇ ਹਕਦਾਰ ਹਨ ਜੋ ਕਿ:

- ਪਰਾਈਵੇਟ ਪਲਾਨ ਦੇ ਹਕਦਾਰ ਨਹੀਂ ਹਨ;
- Ministère de l'Emploi et de la Solidarité sociale ਦੁਆਰਾ ਜਾਰੀ ਕਲੇਮ ਸਲਿਪ ਦੇ ਹੱਕਦਾਰ (carnet de réclamation);
- ਜਿਨਾਂ੍ਹ ਦੀ ਉਮਰ 65 ਸਾਲ ਤੋਂ ਜਿਆਦਾ ਹੈ। 65 ਸਾਲ ਦੀ ਉਮਰ ਹੋਣ ਤੇ ਉਹ ਪਰਾਈਵੇਟ ਪਲਾਨ ਦੀ ਕਵਰੇਜ਼ ਨੂੰ ਜਾਰੀ ਰੱਖ ਸਕਦੇ ਹਨ, ਜੇ ਉਹ ਪਬਲਿੱਕ ਪਲਾਨ ਦੇ ਬਰਾਬਰ ਪਰਾਈਵੇਟ ਪਲਾਨ ਦੀ ਕਵਰੇਜ਼ ਨੂੰ ਜਾਰੀ ਰੱਖਣਾ ਚਾਹੁੱਦੇ ਹਨ, ਉਹਨਾਂ ਨੂੰ Régie (ਰੇਜ਼ੀ) ਤੇ ਕਾਲ ਕਰਕੇ ਪਬਲਿੱਕ ਪਲਾਨ ਦੀ ਰਜੀਸਟ੍ਰੇਸ਼ਨ ਖਤਮ ਕਰਾਣੀ ਪਵੇਗੀ;
- ਉਹਨਾਂ ਲੋਕਾ ਦੇ ਬੱਚੇ ਜੋ ਪਬਲਿੱਕ ਪਲਾਨ ਦੁਆਰਾ ਕਵਰਡ ਹਨ।

**ਕਵਰੇਜ਼ ਕਿਵੇ ਮਿਲ ਸਕਦੀ ਹੈ?**

ਪਬਲਿੱਕ ਪਲਾਨ ਵਾਸਤੇ Régie (ਰੇਜ਼ੀ) ਤੇ ਸੰਪਰਕ ਕਰਕੇ।

ਕਲੇਮ ਸਲਿਪ ਦੇ ਹੱਕਦਾਰ(carnet de réclamation) ਅਤੇ 65 ਸਾਲ ਤੋ ਜਿਆਦਾ ਉਮਰ ਦੇ ਵਿਅਕਤੀ ਆਪਣੇ ਆਪ ਰਜੀਸਟਰਡ ਹੋ ਜਾਂਦੇ ਹਨ।

**ਦਸਤਾਵੇਜ ਜੋ ਨਾਲ ਲਿਆਣੇ ਹਨ**

ਹੈਲਥ ਇੰਸ਼ੋਰੇਂਸ ਕਾਰਡ, ਜੋ ਕਿ ਜਾਇਜ਼ ਹੋਣਾ ਚਾਹੀਦਾ ਹੈ, ਅਤੇ ਜੇ ਮੁਨਾਸਬ ਹੋਵੇ ਤਾਂ ਤੁਹਾਡੀ ਕਲੇਮ ਸਲਿਪ ਤੁਹਾਨੂੰ ਫਾਰਮੈਸੀ ਤੇ ਦਿਖਾਣੇ ਪੈਣਗੇ।

**ਪਬਲਿਕ ਪ੍ਰਿਸਕ੍ਰੀਪਸ਼ਨ ਡਰੱਗ ਇੰਸ਼ੋਰੇਂਸ**

**ਫਾਰਮੈਸੀ ਤੇ ਤਹਾਨੂੰ ਕਿੱਨੇ ਪੈਸੇ ਦੇਣੇ ਪੈਣਗੇ**

ਜੋ ਪੈਸੇ ਤੁਸੀ ਪ੍ਰਿਸਕ੍ਰੀਪਸ਼ਨ ਡਰੱਗਸ(ਡਾਕਟਰ ਦੁਆਰਾ ਲਿਖੀ ਹੋਈ ਦਵਾਈ) ਲੈਣ ਵਾਸਤੇ ਦੇਂਦੇ ਹੋ, ਉਨਾਂ ਨੂੰ *ਕੋਨਟ੍ਰੀਬੀਉਸ਼ਨ(**contribution**)* ਕਿਹਾ ਜਾਂਦਾ ਹੈ। ਜਿਸ ਵਿਚ ਮਾਸਿਕ ਡੀਡਕਟੇਬਲ(**monthly deductible**) ਅਤੇ ਕੋ-ਇੰਸ਼ੋਰੇਂਸ(**co-insurance**) ਸ਼ਾਮਿਲ ਹਨ।

**ਡੀਡਕਟੇਬਲ** (deductible) **ਕੀ ਹੈ**?

ਡੀਡਕਟੇਬਲ ਉਹ ਨਿਸ਼ਚਤ ਰਕਮ ਹੈ ਜੋ ਕਿ ਤੁਸੀਂ ਹਰ ਮਹੀਨੇ ਪ੍ਰਿਸਕ੍ਰੀਪਸ਼ਨ ਡਰੱਗਸ ਖਰੀਦਣ ਵਾਸਤੇ ਦੇਂਦੇ ਹੋ।

**ਕੋ-ਇੰਸ਼ੋਰੇਂਸ**(co-insurance) **ਕੀ ਹੈ**?

ਕੋ-ਇੰਸ਼ੋਰੇਂਸ ਉਹ ਪ੍ਰੀਤੀਸ਼ਤ ਹੈ ਜੋ ਪ੍ਰਿਸਕ੍ਰੀਪਸ਼ਨ ਡਰੱਗਸ ਦੀ ਕੀਮਤ ਤੇ ਲਾਗੂ ਹੁੰਦੀ ਹੈ, ਜਿਸ ਵਿਚੋ ਡੀਡਕਟੇਬਲ ਘੱਟ ਜਾਂਦੇ ਹਨ।

**ਵੱਧ ਤੋ ਵੱਧ ਸਲਾਨਾ ਕੋਨਟ੍ਰੀਬੀਉਸ਼ਨ**

ਤੁਹਾਡਾ ਪਲਾਨ ਜੋ ਵੀ ਹੋਵੇ ਪਰਾਈਵੇਟ ਜਾਂ ਪਬਲਿੱਕ, ਇੰਸ਼ੋਰਡ ਡਰੱਗਸ(ਦਵਾਈਆ) ਲੈਣ ਵਾਸਤੇ ਤੁਹਾਨੂੰ ਹਰ ਸਾਲ ਰਕਮ ਦਾ ਅਧਿਕਤਮ ਹਿੱਸਾ ਦੇਣਾ ਪੈ ਸਕਦਾ ਹੈ। ਇੰਸ਼ੋਰੇਰ ਨੂੰ ਦੇਖਣਾ ਪਵੇਗਾ ਕਿ ਇਹ ਅਧਿਕਤਮ ਰਕਮ ਨਾਂ ਵੱਧੇ। ਜੇ ਤੁਸੀ ਸਾਲ ਦੇ ਵਿੱਚਕਾਰ ਪਲਾਨ ਨੂੰ ਬਦਲਦੇ ਹੋ, ਤਾਂ ਤੁਹਾਨੂੰ ਆਪਣੇ ਕੋਨਟ੍ਰੀਬੀਉਸ਼ਨਸ ਦੀ ਸਟੇਟਮੈਂਟ ਬਾਰੇ ਪੁਛਣਾ ਪਵੇਗਾ ਅਤੇ ਆਪਣੇ ਨਵੇ ਇੰਸ਼ੋਰੇਰ ਨੂੰ ਭੇਜਣੀ ਪਵੇਗੀ ਤੇ ਉਹ ਜੋ ਰਕਮ ਤੁਸੀ ਪਹਲੇ ਤੋ ਹੀ ਦਿੱਤੀ ਹੋਈ ਹੈ ਉਸ ਦਾ ਹਿਸਾਬ-ਕਿਤਾਬ ਰੱਖੇਗਾ।

**ਪਬਲਿਕ ਪਲਾਨ ਪਰੀਮਿਅਮ ( ਬੀਮੇ ਦੀ ਕਿਸ਼ਤ)**

ਕਿੱਸੀ ਵੀ ਇੰਸ਼ੋਰੇਂਸ  ਦੇ ਮਾਮਲੇ ਵਿਚ, ਤੁਹਾਨੂੰ ਪਬਲਿਕ ਪਲਾਨ ਦੀ ਕਵਰੇਜ਼ ਲੈਣ ਵਾਸਤੇ ਪਰੀਮਿਅਮ (ਬੀਮੇ ਦੀਆ ਕਿਸ਼ਤਾ) ਦੇਣਾ ਪਵੇਗਾ, ਚਾਹੇ ਤੁਸੀਂ ਪ੍ਰਿਸਕ੍ਰੀਪਸ਼ਨ ਡਰੱਗਸ ਖਰੀਦੋ ਜਾਂ ਨਾਂ ਖਰੀਦੋ, Revenu Québec (ਰੇਵਨਿਊ ਕਿਉਬਿੱਕ) ਪਰੀਮਿਅਮ ਇੱਕਟਠਾ ਕਰਦਾ ਹੈ, ਇਸ ਰਕਮ ਨੂੰ ਤੁਹਾਡੀ ਇੱਨਕਮ ਟੈਕਸ ਰੀਟ੍ਰਨ ਵਿਚ ਦਿਖਾਇਆ ਜਾਂਦਾ ਹੈ। ਇੱਹ ਰਕਮ ਪਰਿਵਾਰਿੱਕ ਸਥਿਤੀ ਅਤੇ ਆਮਦਨੀ ਦੇ ਅਨੁਸਾਰ ਵਿਭਿੰਨ ਹੁੰਦੀ ਹੈ।

| |
|---|
| ਪਰੀਮਿਅਮ, ਵੱਧ ਤੋ ਵੱਧ ਕੋਨਟ੍ਰੀਬੀਉਸ਼ਨ, ਡੀਡਕਟੇਬਲ ਅਤੇ ਕੋ-ਇੰਸ਼ੋਰੇਂਸ ਦੀ ਰਕਮ ਦੀ ਜਾਂਣਕਾਰੀ ਲੈਣ ਵਾਸਤੇ Régie(ਰੇਜ਼ੀ) ਦੀ ਵੈਬਸਾਇਟ ਦੇਖੋ। |

**ਹੋਰ ਜਾਣਕਾਰੀ ਲੈਣ ਵਾਸਤੇ**

ਸਾਡੀ ਵੈਬਸਾਇਟ ਦੇਖੋ

[www.ramq.gouv.qc.ca](http://www.ramq.gouv.qc.ca)

ਤੁਸੀਂ ਕਾਲ ਕਰਕੇ ਵੀ ਜਾਣਕਾਰੀ ਲੈ ਸਕਦੇ ਹੋ।

**ਕਿਉਬਿੱਕ ਵਿਚ**

**418 646-4636**

**ਮੌਂਟਰੀਆਲ ਵਿਚ**

**514 864-3411**

**ਕਿਉਬਿੱਕ ਤੋਂ ਇੱਲਾਵਾ**

**1 800 561-9749**

**ATS ਦੁਆਰਾ**

**(ਬਹਿਰਿਆ ਵਾਸਤੇ ਦੂਰ ਸੰਚਾਰ ਦੀ ਮਸ਼ੀਨ)**

**418 682-3939** ( ਕਿਉਬਿੱਕ ਵਿਚ)

**1 800 361-3939 (** ਕਿਉਬਿੱਕ ਤੋਂ ਇੱਲਾਵਾ **)**

**ਡਾਕ ਦੁਆਰਾ**

Régie de l'assurance maladie du Québec
Case postale 6600
Québec (Québec)  G1K 7T3

**ਦਫ਼ਤਰ ਦਾ ਸਮੇਂ**

ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ: **8:30 a.m. to 4:30 p.m.**

ਬੁੱਧਵਾਰ: **10:00 a.m. to 4:30 p.m.**

ਦਫ਼ਤਰ ਦੇ ਸਮੇਂ ਤੋ ਬਾਅਦ, ਸਾੱਡੇਂ ਦਫ਼ਤਰ ਦੇ ਫ਼ੋਨ ਨੰਬਰ ਤੁਹਾਨੂੰ ਸਵੈਂਚਲਤ ਜਾਣਕਾਰੀ ਪ੍ਣਾਲੀ ਨਾਲ ਜੋੜ ਦੇਣਗੇ।

ਇਸ ਪੈਂਫਲਿਟ ਵਿਚ ਦਿੱਤੀ ਹੋਈ ਜਾਣਕਾਰੀ ਕਾਨੂੰਨ ਦੇ ਜੋਰ ਅਤੇ ਵਿਸ਼ੇਸ਼ ਮਾਮਲਿਆ ਤੇ ਲਾਗੂ  ਨਹੀਂ ਹੁੰਦੀ।